# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 26-04-2024**

ਲੋਕ ਸਭਾ ਚੋਣਾਂ ਦੇ ਦੂਜੇ ਗੇੜ ਵਿਚ ਅੱਜ 12 ਸੂਬਿਆਂ ਅਤੇ ਇੱਕ ਕੇਂਦਰ ਸ਼ਾਸਿਤ ਪ੍ਰਦੇਸ਼ ਵਿੱਚ 88 ਲੋਕ ਸਭਾ ਸੀਟਾਂ ਲਈ ਵੋਟਿੰਗ ਦਾ ਸਿਲਸਿਲਾ ਅੱਗੇ ਵੱਧ ਰਿਹਾ ਏ। ਸਵੇਰੇ ਮੱਠੀ ਰਫਤਾਰ ਨਾਲ ਸ਼ੁਰੂ ਹੋਈ ਵੋਟਿੰਗ ਦੇ ਮਗਰੋਂ ਤੇਜ਼ ਹੋਣ ਦੀਆਂ ਖ਼ਬਰਾਂ ਮਿਲੀਆਂ ਨੇ। ਇਸ ਗੇੜ ਵਿੱਚ ਕੁੱਲ ਇੱਕ ਹਜ਼ਾਰ 202 ਉਮੀਦਵਾਰ ਚੋਣ ਮੈਦਾਨ ਵਿੱਚ ਨੇ । ਇਕ ਕਰੋੜ 67 ਲੱਖ ਪੋਲਿੰਗ ਸਟੇਸ਼ਨਾਂ 'ਤੇ 16 ਲੱਖ ਤੋਂ ਵੱਧ ਪੋਲਿੰਗ ਅਧਿਕਾਰੀ ਤਾਇਨਾਤ ਕੀਤੇ ਗਏ ਨੇ ਅਤੇ ਵੋਟਰਾਂ ਦੀ ਕੁਲ ਗਿਣਤੀ 15 ਕਰੋੜ 88 ਲੱਖ ਏ । ਜਿਨ੍ਹਾਂ ਪ੍ਰਮੁੱਖ ਉਮੀਦਵਾਰਾਂ ਦੀ ਸਿਆਸੀ ਕਿਸਮਤ ਅੱਜ ਈ ਵੀ ਐਮ ਵਿੱਚ ਬੰਦ ਹੋਵੇਗੀ, ਉਨ੍ਹਾਂ ਵਿੱਚ ਕੇਰਲ ਦੇ ਵਾਇਨਾਡ ਤੋਂ ਕਾਂਗਰਸ ਆਗੂ ਰਾਹੁਲ ਗਾਂਧੀ, CPM ਦੀ ਐਨੀ ਰਾਜਾ ਵੀ ਵਾਇਨਾਡ ਤੋਂ, ਕੇਂਦਰੀ ਮੰਤਰੀ ਰਾਜੀਵ ਚੰਦਰਸ਼ੇਖਰ

ਤਿਰੂਵਨੰਤ-ਪੁਰਮ ਤੋਂ, ਕਾਂਗਰਸ ਆਗੂ ਸ਼ਸ਼ੀ ਥਰੂਰ ਵੀ ਤਿਰੂਵਨੰਤ-ਪੁਰਮ ਤੋਂ, BJP ਦੇ ਤੇਜਸਵੀ ਸੂਰਿਆ ਬੈਂਗਲੁਰੂ ਦੱਖਣੀ ਤੋਂ ਅਤੇ BJP ਦੀ ਹੇਮਾ ਮਾਲਿਨੀ ਮਥੁਰਾ ਤੋਂ ਸ਼ਾਮਲ ਨੇ। ਹੋਰ ਮੁੱਖ ਉਮੀਦਵਾਰ BJP ਦੇ ਅਰੁਣ ਗੋਵਿਲ ਮੇਰਠ ਤੋਂ, ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਐਚ. ਡੀ. ਕੁਮਾਰ ਸਵਾਮੀ ਮਾਂਡਿਆ ਤੋਂ ਅਤੇ ਪੱਪੂ ਯਾਦਵ ਪੂਰਨੀਆ ਤੋਂ ਸ਼ਾਮਲ ਨੇ।

---------------------------------------------------------------

ਕਈ ਸਿਆਸੀ ਪਾਰਟੀਆਂ ਦੇ ਵੱਡੇ ਆਗੂ ਕਲ ਪਟਿਆਲਾ ਪਹੁੰਚੇ ਅਤੇ ਆਪੋ ਆਪਣੇ ਉਮੀਦਵਾਰ ਲਈ ਪ੍ਰਚਾਰ ਕੀਤਾ । BJP ਵੱਲੋ ਇੱਕ ਉੱਚ ਪੱਧਰੀ ਮੀਟਿੰਗ ਕੀਤੀ ਗਈ ਜਿਸ ਵਿਚ ਪੰਜਾਬ BJP ਇੰਚਾਰਜ ਵਿਜੇ ਰੁਪਾਣੀ, ਸੂਬਾ BJP ਪ੍ਰਧਾਨ ਸੁਨੀਲ ਜਾਖੜ ਅਤੇ ਉਮੀਦਵਾਰ ਪ੍ਰਨੀਤ ਕੌਰ ਨੇ, ਪਟਿਆਲਾ ਜ਼ਿਲੇ ਵਿੱਚ ਪੈਂਦੇ ਸਾਰੇ 9 ਵਿਧਾਨ ਸਭਾ ਹਲਕਿਆਂ ਦੇ ਇੰਚਾਰਜਾਂ ਨਾਲ ਗੱਲਬਾਤ ਕੀਤੀ। ਉਨਾਂ ਪਾਰਟੀ ਆਗੂਆਂ ਨੂੰ ਪ੍ਰਨੀਤ ਕੌਰ ਲਈ ਜ਼ੋਰ ਲਗਾਕੇ ਪ੍ਰਚਾਰ ਕਰਨ ਲਈ ਆਖਿਆ । ਸੁਨੀਲ ਜਾਖੜ ਨੇ ਕਿਹਾ ਕਿ ਅਜਿਹੀਆਂ ਮੀਟਿੰਗਾਂ ਚੋਣ ਪ੍ਰਚਾਰ ਦਾ ਹਿੱਸਾ

ਨੇ। ਕਿਸਾਨਾਂ ਵਲੋਂ ਕੀਤੇ ਜਾ ਰਹੇ ਵਿਰੋਧ ਬਾਰੇ ਉਨਾਂ ਕਿਹਾ ਕਿ ਕਿਸਾਨਾਂ ਦੀਆਂ ਮੁਸ਼ਕਿਲਾਂ ਵੱਲ BJP ਖਾਸ ਧਿਆਨ ਦੇ ਰਹੀ ਏ । ਓਧਰ ਕਾਂਗਰਸ ਵੱਲੋ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੀ ਪਟਿਆਲਾ ਪਹੁੰਚੇ ਜਿੱਥੇ ਉਹਨਾਂ ਆਪਣੀ ਪਾਰਟੀ ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ ਦੇ ਚੋਣ ਦਫਤਰ ਦਾ ਉਦਘਾਟਨ ਕੀਤਾ। ਉਨਾਂ ਕਿਹਾ ਕਿ ਅੱਜ ਦੇਸ਼ ਚ ਬੇਰੁਜ਼ਗਾਰੀ ਤੇ ਮਹਿੰਗਾਈ ਵੱਡੇ ਮੁੱਦੇ ਨੇ ਅਤੇ ਕਾਂਗਰਸ ਪਾਰਟੀ ਇਨਾਂ ਮਸਲਿਆਂ ਨੂੰ ਹੱਲ ਕਰੇਗੀ । ਇਸਦੇ ਨਾਲ ਹੀ ਸ਼ਹਿਰ ਵਿੱਚ ਰਾਜਾ ਵੜਿੰਗ ਨੇ ਪੈਦਲ ਚੱਲ ਕੇ ਵੀ ਡਾ. ਗਾਂਧੀ ਲਈ ਚੋਣ ਪ੍ਰਚਾਰ ਕੀਤਾ।

---------------------------------------------------

ਕਾਂਗਰਸ ਪਾਰਟੀ ਵੱਲੋਂ 'ਪਾਰਟੀ ਵਿਰੋਧੀ ਗਤੀਵਿਧੀਆਂ' ਲਈ ਮੁਅੱਤਲ ਕੀਤੇ ਜਾਣ ਤੋਂ ਬਾਅਦ, ਫਿਲੌਰ ਦੇ ਵਿਧਾਇਕ ਵਿਕਰਮ ਜੀਤ ਸਿੰਘ ਚੌਧਰੀ ਨੇ ਕਲ ਇੱਕ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਦਹਾਕਿਆਂ ਤੋਂ ਪਾਰਟੀ ਦੀ ਵਫ਼ਾਦਾਰੀ ਦਾ ਸਮਾਨਾਰਥੀ ਏ ਅਤੇ ਉਨ੍ਹਾਂ ਦੀ ਮਾਤਾ ਕਰਮਜੀਤ ਕੌਰ ਚੌਧਰੀ ਨੇ ਵੀ ਮੰਗਲ-ਸੂਤਰ ਦੀ ਬਲੀ ਦਿੱਤੀ

ਸੀ। ਪਰ ਪਾਰਟੀ ਲੀਡਰਸ਼ਿਪ ਨੇ ਉਨ੍ਹਾਂ ਦੀ ਕੁਰਬਾਨੀ ਨੂੰ ਮੰਨਣ ਦੀ ਬਜਾਏ ਉਨ੍ਹਾਂ ਨੂੰ ਅਪਮਾਨਿਤ ਕੀਤਾ। ਵਿਕਰਮ ਚੌਧਰੀ ਨੇ ਜ਼ੋਰ ਦੇ ਕੇ ਕਿਹਾ ਕਿ ਦੇਸ਼, ਸੋਨੀਆ ਗਾਂਧੀ ਦੀਆਂ ਕੁਰਬਾਨੀਆਂ ਦਾ ਸਤਿਕਾਰ ਕਰਦਾ ਏ, ਪਰ ਕਾਂਗਰਸ ਲੀਡਰਸ਼ਿਪ ਨੂੰ ਵੀ ਨਹਿਰੂ-ਗਾਂਧੀ ਪਰਿਵਾਰ ਤੋਂ ਪਰੇ ਝਾਕ ਕੇ, ਹੋਰਨਾਂ ਆਗੂਆਂ ਦੀਆਂ ਕੁਰਬਾਨੀਆਂ ਨੂੰ ਮੰਨਣਾ ਚਾਹੀਦਾ ਏ। ਵਿਕਰਮ ਜੀਤ ਚੌਧਰੀ ਨੇ ਕਿਹਾ ਕਿ ਉਨਾਂ ਦੇ ਪਿਤਾ ਸੰਤੋਖ ਸਿੰਘ ਚੌਧਰੀ ਨੇ, ਰਾਹੁਲ ਗਾਂਧੀ ਦੇ ਨਾਲ ਚੱਲਦੇ ਹੋਏ ਭਾਰਤ ਜੋੜੋ ਯਾਤਰਾ ਦੌਰਾਨ ਆਪਣੀ ਜਾਨ ਦੇ ਦਿੱਤੀ ਅਤੇ ਉਨਾਂ ਦੀ ਮਾਂ ਦੇ ਵਿਛੋੜੇ 'ਤੇ ਹਮਦਰਦੀ ਕਰਨ ਦੀ ਬਜਾਏ ਪਾਰਟੀ ਦੇ ਇੱਕ ਸੀਨੀਅਰ ਨੇਤਾ ਨੇ, ਬੁਢਾਪੇ ਦੇ ਨਤੀਜੇ ਵਜੋਂ ਉਸਦੀ ਕੁਰਬਾਨੀ ਨੂੰ ਬੁਰੀ ਤਰ੍ਹਾਂ ਖਾਰਜ ਕਰ ਦਿੱਤਾ ਅਤੇ ਉਨਾਂ ਦੀ ਮਾਂ ਦਾ ਅਪਮਾਨ ਕੀਤਾ।

-----------------------------------------------------

ਮਾਲਵਾ ਖੇਤਰ ਦੀਆਂ ਸੈਂਕੜੇ ਅਨਾਜ ਮੰਡੀਆਂ ਵਿਚ ਕਣਕ ਦੀ ਚੁਕਾਈ ਨਾ ਹੋਣ ਕਰਕੇ ਜਿਣਸ ਦੀ ਤੌਲਾਈ ਦੀ ਵੱਡੀ ਮੁਸ਼ਕਿਲ ਆਉਣ ਲੱਗ ਪਈ ਏ। ਕਿਸਾਨ ਪੱਕੇ ਫੜਾਂ ਦੀ ਥਾਂ ਮਜ਼ਬੂਰ ਹੋ ਕੇ ਕੱਚੀਆਂ ਥਾਵਾਂ ਉਤੇ

ਵੀ ਆਪਣੀ ਫ਼ਸਲ ਢੇਰੀ ਕਰਨ ਲੱਗ ਪਏ ਨੇ ਅਤੇ ਕਈ ਮੰਡੀਆਂ ਵਿਚ ਕਣਕ ਤੋਲਣ ਲਈ ਕਿਸਾਨ ਛੇ- ਛੇ ਦਿਨਾਂ ਤੋਂ ਬੈਠੇ ਨੇ। ਸਰਕਾਰੀ ਅੰਕੜਿਆਂ ਅਨੁਸਾਰ, ਮਾਨਸਾ ਜਿਲ੍ਹੇ ਵਿਚਲੀਆਂ 117 ਅਨਾਜ ਮੰਡੀਆਂ ਵਿਚ ਕਲ ਸ਼ਾਮ ਤੱਕ 55 ਫ਼ੀਸਦ ਕਣਕ ਵਿਕਣ ਲਈ ਪੁੱਜ ਚੁੱਕੀ ਏ, ਜਿਸ ਵਿਚੋਂ 36 ਫ਼ੀਸਦ ਕਣਕ ਖਰੀਦ ਲਈ ਗਈ ਏ, ਪਰ ਇਨ੍ਹਾਂ ਵਿਚੋਂ ਅਨੇਕਾਂ ਖਰੀਦ ਕੇਂਦਰਾਂ 'ਚੋਂ ਚੁਕਾਈ ਹੋਣ ਵੰਨੀਓ ਪਈ ਏ। ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਸਭ ਤੋਂ ਵੱਡਾ ਬੋਝ ਇਸ ਵੇਲੇ ਚੁਕਾਈ ਨਾ ਹੋਣ ਦਾ ਹੀ ਪਿਆ ਹੋਇਆ ਏ। ਇਹ ਚੁਕਾਈ ਨਾ ਹੋਣ ਕਰਕੇ ਹੀ, ਨਵੀਂ ਜਿਣਸ ਮੰਡੀ ਵਿਚ ਨਹੀਂ ਆ ਸਕਦੀ ਏ।

---------------------------------------------------

ਜੰਗਲਾਤ ਵਰਕਰਜ ਯੂਨੀਅਨ ਪੰਜਾਬ ਸਬੰਧਤ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੇਡਰੈਸ਼ਨ ਨੇ ਵਣ ਅਤੇ ਜੰਗਲੀ ਜੀਵ ਵਿਭਾਗ ਦੇ ਸਾਰੇ ਕੰਮ ਮਨਰੇਗਾ ਅਧੀਨ ਕਰਵਾਏ ਜਾਣ ਦੇ ਵਿਰੋਧ ਵਿਚ ਪਠਾਨਕੋਟ ਜ਼ਿਲੇ ਵਿਚ ਜੰਗਲਾਤ ਮੰਤਰੀ ਦੇ ਹਲਕੇ ਭੋਆ ਵਿਚ ਕੱਲ੍ਹ ਧਰਨਾ ਦਿੱਤਾ। ਪੰਜਾਬ ਭਰ ਤੋਂ ਜੰਗਲਾਤ ਵਰਕਰਾਂ ਨੇ ਇਸ ਵਿਚ ਹਿੱਸਾ ਲਿਆ

। ਧਰਨੇ ਦੀ ਅਗਵਾਈ ਅਮਰੀਕ ਸਿੰਘ ਗੜ੍ਹਸੰਕਰ, ਜਸਵੀਰਾ ਸਿੰਘ ਸੀਰਾ, ਵਿਰਸਾ ਸਿੰਘ ਅਮ੍ਰਿਤਸਰ ਤੇ ਜਸਵਿੰਦਰ ਸੌਜਾ ਨੇ ਕੀਤੀ । ਮੁਲਾਜਮ ਆਗੂਆਂ ਨੇ ਕਿਹਾ ਕਿ ਜੰਗਲਾਤ ਤੇ ਜੰਗਲੀ ਜੀਵ ਵਿਭਾਗ ਵਿਚ 25-25 ਸਾਲਾਂ ਤੋ ਕੰਮ ਕਰਦੇ ਕਾਮਿਆਂ ਨੂੰ ਪੰਜਾਬ ਸਰਕਾਰ ਨੇ ਪੱਕਿਆਂ ਤਾਂ ਕੀ ਕਰਨਾ ਸੀ, ਉਲਟਾ ਮਨਰੇਗਾ ਸਕੀਮ ਤਹਿਤ ਕੰਮ ਕਰਵਾਉਣ ਲਈ ਕਾਮਿਆਂ ਦੀ ਵੱਡੀ ਪੱਧਰ ਤੇ ਛਾਂਟੀ ਸੁਰੂ ਕੀਤੀ ਜਾ ਰਹੀ ਏ ਜਿਸ ਨਾਲ ਇਨਾਂ ਦੇ ਘਰਾਂ ਦੀ ਚੁਲਿਆਂ ਦੀ ਅੱਗ ਬੁਝਣ ਲੱਗੀ ਹੋਈ ਏ।

----------------------------------------------------

ਫਤਹਿਗੜ੍ਹ ਸਾਹਿਬ ਜ਼ਿਲੇ ਦੇ ਡਿਪਟੀ ਕਮਿਸ਼ਨਰ ਪਰਨੀਤ ਸ਼ੇਰਗਿੱਲ ਨੇ ਕਿਹਾ ਏ ਕਿ ਸਰਹਿੰਦ-ਲਾਂਡਰਾਂ ਰੋਡ ਉੱਤੇ ਚੁੰਨੀ ਨੇੜੇ ਪੁਲੀ ਦੀ ਅਤਿ ਜ਼ਰੂਰੀ ਮੁਰੰਮਤ ਲਈ, ਪੁਲੀ ਨੇੜਲੇ ਖੇਤਰ ਵਿੱਚ ਆਵਾਜਾਈ ਬੰਦ ਕਰ ਕੇ ਬਦਲਵੇਂ ਰੂਟਾਂ ਦਾ ਪ੍ਰਬੰਧ ਕੀਤਾ ਗਿਆ ਏ । ਉਨਾਂ ਇਸ ਸੜਕ ਦੀ ਵਰਤੋਂ ਕਰਨ ਵਾਲਿਆਂ ਨੂੰ ਅਪੀਲ ਕੀਤੀ ਏ, ਕਿ ਉਹ ਕਿਸੇ ਵੀ ਕਿਸਮ ਦੀ ਖੱਜਲ ਖ਼ੁਆਰੀ ਤੋਂ ਬਚਣ ਲਈ ਬਦਲਵੇਂ ਰੂਟਾਂ ਦੀ ਹੀ ਵਰਤੋਂ ਕਰਨ।

ਉਨਾਂ ਕਿਹਾ ਕਿ ਚੰਡੀਗੜ੍ਹ, ਮੋਹਾਲੀ, ਲਾਂਡਰਾਂ ਤੋਂ ਸਰਹਿੰਦ ਹੋ ਕੇ ਪਟਿਆਲਾ ਅਤੇ ਪਟਿਆਲਾ ਤੋਂ ਸਰਹਿੰਦ ਹੋ ਕੇ ਮੋਹਾਲੀ, ਲਾਂਡਰਾਂ ਤੇ ਚੰਡੀਗੜ੍ਹ ਜਾਣ ਵਾਲੇ ਲੋਕ ਰਾਜਪੁਰਾ ਹੋ ਕੇ ਲਾਂਡਰਾਂ- ਮੋਹਾਲੀ ਤੇ ਚੰਡੀਗੜ੍ਹ ਅਤੇ ਪਟਿਆਲਾ ਜਾਣ। ਸਰਹਿੰਦ - ਫ਼ਤਿਹਗੜ੍ਹ ਸਾਹਿਬ ਤੋਂ ਜਾਣ ਵਾਲੇ ਵਾਹਨ ਦੁਫੇੜਾ ਤੋਂ ਬੱਸੀ ਪਠਾਣਾਂ ਅਤੇ ਬੱਸੀ ਪਠਾਣਾਂ ਤੋਂ ਮੋਰਿੰਡਾ ਤੇ ਚੁੰਨੀ ਹੋ ਕੇ ਅੱਗੇ ਆਪਣੀਆਂ ਮੰਜ਼ਿਲਾਂ ਵੱਲ ਜਾਣਗੇ। ਉਨਾਂ ਦੱਸਿਆ ਕਿ ਲੋਕ ਨਿਰਮਾਣ ਵਿਭਾਗ ਵੱਲੋਂ ਪੱਤਰ ਭੇਜ ਕੇ ਕਿਹਾ ਗਿਆ ਸੀ ਕਿ ਇਸ ਪੁਲੀ ਦਾ ਕਈ ਵਾਰੀ ਮੁਰੰਮਤ ਦਾ ਕੰਮ ਕਰਵਾਇਆ ਜਾ ਚੁੱਕਾ ਏ, ਪਰ ਇਹ ਪੁਲੀ ਹੁਣ ਖਰਾਬ ਹਾਲਤ ਵਿੱਚ ਏ ਅਤੇ ਸੜਕ ਆਵਾਜਾਈ ਲਈ ਠੀਕ ਨਹੀਂ ਏ। ਇਸ ਇਸ ਲਈ ਇਸ ਪੁਲੀ ਤੋਂ ਸੜਕ ਆਵਾਜਾਈ ਬੰਦ ਕਰਵਾਈ ਜਾਵੇ ਅਤੇ ਆਵਾਜਾਈ ਨੂੰ ਕਿਸੇ ਹੋਰ ਰਸਤੇ ਤੋਂ ਬਹਾਲ ਕੀਤਾ ਜਾਵੇ।